This question paper contains 3 printed pages]

*Your Roll No.*...............

**1271**

**B.A. (Hons.)/I Sem.** B

PUNJABI—Paper I

(Sahit De Roop)

(Admissions of 2011 and onwards)

*Time : 3 Hours* *Maximum Marks : 75*

(*Write your Roll No. on the top immediately on receipt of this question paper.*)

**ਨੋਟ** :–ਪ੍ਰਸ਼ਨ-ਪੱਤਰ ਦੇ ਤਿੰਨ ਭਾਗ ਹਨ । ਹਰ ਭਾਗ ਦੇ ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ ।

**ਭਾਗ I**

1. (ੳ) 'ਜਿਨ੍ਹਾਂ ਪਛਾਤਾ ਸੱਚ' ਪਾਠ-ਪੁਸਤਕ ਵਿਚ ਲੇਖਕ ਨੇ 'ਰੇਖਾ ਚਿਤਰ' ਅਤੇ 'ਸਾਹਿਤਕ ਮੁਲਾਕਾਤਾਂ' ਵਿਧਾ ਦੀ ਵਿਲੱਖਣਤਾ ਬਾਰੇ ਆਪਣਾ ਜੋ ਨਜ਼ਰੀਆ ਪੇਸ਼ ਕੀਤਾ ਹੈ, ਉਸਨੂੰ ਆਪਣੇ ਸ਼ਬਦਾਂ 'ਚ ਲਿਖੋ ।

ਜਾਂ

'ਜਿਨ੍ਹਾਂ ਪਛਾਤਾ ਸੱਚ' ਪਾਠ-ਪੁਸਤਕ ਵਿਚ ਦਰਜ ਸ਼ਖ਼ਸੀਅਤ ਚਿੱਤਰਾਂ ਵਿਚੋਂ ਗੁਰਬਖ਼ਸ਼ ਸਿੰਘ ਜਾਂ ਦੇਵਿੰਦਰ ਸਤਿਆਰਥੀ ਦੇ ਜੀਵਨ ਦੇ ਰੁਮਾਂਚਕ ਵੇਰਵਿਆਂ ਨੂੰ ਆਪਣੇ ਸ਼ਬਦਾਂ 'ਚ ਲਿਖੋ । 15

(ਅ) ਹੇਠ ਦਿੱਤੇ ਪ੍ਰਸ਼ਨਾਂ 'ਚੋਂ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) 'ਇਕ ਜੀਵਨ, ਇਕ ਅਭਿਨੈ' ਲੇਖ ਵਿਚ ਕਿਸ ਸਾਹਿਤਕ ਹਸਤੀ ਬਾਰੇ ਬਿਆਨ ਮਿਲਦਾ ਹੈ ? ਉਸਦੇ ਜੀਵਨ ਦੀ ਕਿਸੇ ਇਕ ਮਹੱਤਵਪੂਰਨ ਘਟਨਾ ਉੱਤੇ ਚਾਨਣਾ ਪਾਉ ।

(*ii*) ਡਾ. ਕਰਨਜੀਤ ਸਿੰਘ ਦੀ ਵਾਰਤਕ-ਸ਼ੈਲੀ ਦੀਆਂ ਦੋ ਮਹੱਤਵਪੂਰਨ ਵਿਸ਼ੇਸ਼ਤਾਵਾਂ ਬਿਆਨ ਕਰੋ ।

(*iii*) ਸੁਜਾਨ ਸਿੰਘ ਨਾਲ ਹੋਈ ਡਾ. ਕਰਨਜੀਤ ਸਿੰਘ ਦੀ ਮੁਲਾਕਾਤ ਨੂੰ ਸੰਖੇਪ ਕਰਕੇ ਲਿਖੋ ।

(*iv*) 'ਇਕ ਲੇਖਕ ਇਕ ਪ੍ਰਚਾਰਕ' ਲੇਖ ਵਿਚ ਸਾਹਿਤਕਾਰ ਸੋਹਨ ਸਿੰਘ ਸੀਤਲ ਦੇ ਕਿਰਦਾਰ ਦੇ ਮਹੱਤਵਪੂਰਨ ਪਹਿਲੂਆਂ ਬਾਰੇ ਚਾਨਣਾ ਪਾਉ ।

5×2=10

## ਭਾਗ II

2. (ੳ) 'ਲੋਕ ਨਾਟਕ' ਤੋਂ ਕੀ ਭਾਵ ਹੈ ? ਪੰਜਾਬ ਦੇ ਲੋਕ ਨਾਟਕ ਦੀਆਂ ਵੱਖ ਵੱਖ ਸ਼ੈਲੀਆਂ ਅਤੇ ਰੂਪਾਂ ਦੀ ਜਾਣਕਾਰੀ ਦਿਉ ।

ਜਾਂ

'ਲੋਕ ਨਾਟਕੀ : ਨਾਟ ਰੂਪ' ਪਾਠ-ਪੁਸਤਕ ਵਿਚੋਂ ਕਿਹੜਾ ਨਾਟਥ ਤੁਹਾਨੂੰ ਸਭ ਤੋਂ ਚੰਗਾ ਲਗਦਾ ਹੈ ਤੇ ਕਿਉ ? ਚਰਚਾ ਕਰੋ । 15

(ਅ) ਹੇਠ ਦਿੱਤੇ ਪ੍ਰਸ਼ਨਾਂ 'ਚੋਂ ਕੋਈ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) ਲੋਕ ਥੀਏਟਰ ਤੋਂ ਕੀ ਭਾਵ ਹੈ ?

(*ii*) ਲੋਕ ਨਾਟਕ ਤੇ ਸ਼ਾਸਤਰੀ ਨਾਟਕ ਵਿਚ ਕੀ ਅੰਤਰ ਹੈ ?

(*iii*) "ਲੋਕ ਨਾਟਕ ਸਰਬਕਾਲੀ ਹੈ" ਕਥਨ ਦੀ ਪੁਸ਼ਟੀ ਕਰੋ ।

(*iv*) 'ਮਦਾਰੀ', 'ਬਾਬਾ ਬੰਤੂ', 'ਦੁੱਲਾ ਭੱਟੀ', 'ਪੰਜਾਬੀ ਰਾਸਾਇਣ', 'ਨਕਲਾਂ', ਨਾਟਕਾਂ ਦੇ ਲੇਖਕ ਕੌਣ ਹਨ ? ਉਨ੍ਹਾਂ ਦੇ ਨਾਂ ਲਿਖੋ । 5×2=10

## ਭਾਗ III

3. (ੳ) ਪੁਰਾਤਨ ਪੰਜਾਬੀ ਵਾਰਤਕ ਦੀਆਂ ਪ੍ਰਮੁੱਖ ਵੰਨਗੀਆਂ ਨਾਲ ਸੰਖੇਪ ਜਾਣ-ਪਛਾਣ ਕਰਾਉ ।

ਜਾਂ

ਕਿੱਸਾ ਕਾਵਿ ਤੋਂ ਕੀ ਭਾਵ ਹੈ ? ਕਿੱਸੇ ਦੀ ਬਣਤਰ ਤਕਨੀਕ ਉਪਰ ਵਿਸਥਾਰ ਸਹਿਤ ਲਿਖੋ । 15

(ਅ) ਹੇਠ ਦਿੱਤੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

(*i*) ਲੋਕ ਗੀਤ ਦੀ ਪਰਿਭਾਸ਼ਾ ਨਿਸ਼ਚਿਤ ਕਰੋ ।

(*ii*) 'ਟੱਪੇ' ਅਤੇ 'ਬੋਲੀ' ਵਿਚਲਾ ਅੰਤਰ ਸਪੱਸ਼ਟ ਕਰੋ ।

(*iii*) 'ਟੀਕੇ' ਤੋਂ ਕੀ ਭਾਵ ਹੈ ?

(*iv*) 'ਗੋਸ਼ਟ' ਦੇ ਸਰੂਪ ਬਾਰੇ ਟਿੱਪਣੀ ਕਰੋ । 5×2=10